ISSN: 2584-0509

# ਸੁਰਜੀਤ ਪਾਤਰ ਦੀ ਗੀਤ-ਸੰਵੇਦਨਾ: 'ਚੰਨ ਸੂਰਜ ਦੀ ਵਹਿੰਗੀ' ਦੇ ਹਵਾਲੇ ਨਾਲ



ਡਾ. ਮਨਪ੍ਰੀਤ ਮਹਿਨਾਜ਼
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ,
ਮ.ਭ.ਸ. ਪੰਜਾਬ ਸਪੋਰਟਸ
ਯੂਨੀਵਰਸਿਟੀ, ਪਟਿਆਲਾ
+91 81465-85096

ਗੀਤ ਪੰਜਾਬੀ ਬੰਦੇ ਦਾ ਮਨ-ਭਾਉਂਦਾ ਪ੍ਰਗਟਾਵਾ ਹੈ। ਭਾਰਤੀ ਜਾਂ ਪੰਜਾਬੀ ਸਮਾਜ ਦੀ ਇਹ ਖ਼ਾਸੀਅਤ ਰਹੀ ਹੈ ਕਿ ਇੱਥੋਂ ਦੇ ਪ੍ਰਾਚੀਨ ਧਾਰਮਿਕ ਗ੍ਰੰਥਾਂ ਅਤੇ ਲੋਕਧਾਰਾਈ ਪ੍ਰਗਟਾਅ ਰੂਪਾਂ ਵਿੱਚ ਛੰਦ-ਬੰਧ ਕਵਿਤਾ ਤੇ ਗੀਤਾਂ ਦੀ ਸਿਰਜਣਾ ਵਧੇਰੇ ਹੋਈ ਹੈ। ਗੀਤਾਂ ਦੀਆਂ ਕਈ ਕਿਸਮਾਂ ਪੰਜਾਬੀ ਸਮਾਜ ਵਿੱਚ ਪ੍ਰਚਲਿਤ ਹਨ ਜਿਵੇਂ ਅਧਿਆਤਮਿਕ ਗੀਤ, ਸਾਹਿਤਕ ਗੀਤ, ਪਾਪੂਲਰ ਗੀਤ ਆਦਿ। ਸੁਰਜੀਤ ਪਾਤਰ ਦੇ ਗੀਤਾਂ ਨੂੰ ਸਾਹਿਤਕ ਗੀਤ ਦੀ ਵੰਨਗੀ ਅਧੀਨ ਵਿਚਾਰਿਆ ਜਾ ਸਕਦਾ ਹੈ, ਇਹ ਗੀਤ ਆਪਣੇ ਕੱਥ-ਵੱਥ ਪੱਖੋਂ ਉਹਨਾਂ ਪਾਪੂਲਰ ਗੀਤਾਂ ਤੋਂ ਵੱਖਰੇ ਹਨ ਜਿਨ੍ਹਾਂ ਨੂੰ ਬਾਜ਼ਾਰ ਦੇ ਗੀਤ ਵੀ ਕਿਹਾ ਜਾਂਦਾ ਹੈ। ਸਾਹਿਤਕ ਗੀਤ, ਗੀਤਕਾਰ, ਗਾਇਕ ਤੇ ਸਰੋਤੇ ਵਿਚਾਲੇ ਸੰਜੀਵ ਰਿਸ਼ਤਾ ਸਿਰਜਦਾ ਹੈ, ਜਿਸ ਰਾਹੀਂ ਗੀਤ ਦੇ ਬੋਲ, ਭਾਵਨਾ ਸਰੋਤੇ ਨੂੰ ਚਿਰਸਥਾਈ ਆਨੰਦ ਦਿੰਦੀ ਹੈ ਅਤੇ ਜੀਵਨ ਦੀ ਕਿਸੇ ਅੜੌਣੀ ਜਾਂ ਅਨੰਦ ਦੇ ਸਨਮੁਖ ਕਰਦੀ ਹੈ। ਇਹਨਾਂ ਵਿੱਚ ਭਾਵੇਂ ਕੋਈ ਗੀਤ ਆਪਣੇ ਸਮਕਾਲ ਦੇ ਗੀਤਾਂ ਵਿਚੋਂ ਆਪ ਪੈਦਾ ਵੀ ਹੁੰਦਾ ਹੈ ਅਤੇ ਅੱਗੋਂ ਹੋਰ ਗੀਤ ਪੈਦਾ ਵੀ ਕਰਦਾ ਹੈ। ਪਾਪੂਲਰ ਗੀਤ ਦਾ ਖਾਸਾ ਬਿਲਕੁੱਲ ਵੱਖਰਾ ਹੁੰਦਾ ਹੈ, ਇਹ ਗੀਤ, ਗੀਤਕਾਰ, ਗਾਇਕ ਅਤੇ ਸਰੋਤੇ ਵਿਚਕਾਰ ਥੋੜ੍ਹਚਿਰਾਂ ਅਤੇ ਉਪਰਾ ਜਿਹਾ ਸੰਬੰਧ ਪੈਦਾ ਕਰਦਾ ਹੈ। ਇਹ ਦੀਵਾਲੀ ਦੇ ਪਟਾਕਿਆਂ ਵਾਗੂੰ ਬਿੰਦ-ਝੱਟ ਦੀ ਚਮਕ ਅਤੇ ਸ਼ੋਰ ਪੈਦਾ ਕਰਦਾ ਹੈ ਤੇ ਸ਼ਾਂਤ ਹੋ ਜਾਂਦਾ ਹੈ, ਸਰੋਤੇ ਪਾਪੂਲਰ ਗੀਤ ਦਾ ਸੇਵਨ ਇਕ ਨਸ਼ੇ ਵਾਂਗ ਬਿੰਦ-ਝੱਟ ਦੇ ਆਨੰਦ ਲਈ ਕਰਦੇ ਪ੍ਰਤੀਤ ਹੁੰਦੇ ਹਨ।

ਸਾਹਿਤਕ ਗੀਤ ਤੇ ਪਾਪੂਲਰ ਗੀਤ ਵੱਖ-ਵੱਖ ਵੰਨਗੀਆਂ ਹੁੰਦੇ ਹੋਏ ਵੀ ਨਾਲੋਂ-ਨਾਲੋਂ ਚਲਦੇ ਹਨ। ਇਸ ਦੇ ਸਿਰਜਣਹਾਰ, ਨਿਰਮਾਣਹਾਰ ਤੇ ਸਰੋਤਾਗਣ ਵੱਖੋ-ਵੱਖ ਵਰਗ ਸਮੂਹ ਹੁੰਦੇ ਹਨ। ਕਦੀ-ਕਦਾਈ ਪਾਪੂਲਰ ਗੀਤ ਵਿੱਚ ਕੋਈ ਸਾਹਿਤਕ ਚਿਣਗ ਵੀ ਨਜ਼ਰ ਪੈ ਜਾਂਦੀ ਹੈ ਅਤੇ ਕਦੇ ਸਾਹਿਤਕ ਗੀਤ ਨੂੰ ਪਾਪੂਲਰ ਗੀਤ ਵਾਲਾ ਤੜਕਾ ਵੀ ਲੱਗਿਆ ਨਜ਼ਰ ਆ ਜਾਂਦਾ ਹੈ। ਸੁਰਜੀਤ ਪਾਤਰ ਸਾਹਿਤਕ ਗੀਤਾਂ ਦਾ ਸਿਰਜਣਾਕਾਰ ਹੈ ਭਾਵੇਂਕਿ ਉਸ ਨੇ ਗ਼ਜ਼ਲ ਅਤੇ ਕਵਿਤਾ ਵੀ ਭਰਪੂਰ ਮਾਤਰਾ ਵਿੱਚ ਲਿਖੀ ਹੈ। ਇਸ ਪਰਚੇ ਵਿੱਚ ਸੁਰਜੀਤ ਪਾਤਰ ਦੀ ਗੀਤ-ਸੰਵੇਦਨਾ ਦੀ ਥਾਹ ਪਾਉਣ ਲਈ ਉਸ ਦੀ ਪੁਸਤਕ 'ਚੰਨ ਸੂਰਜ ਦੀ ਵਹਿੰਗੀ

(2021)' ਨੂੰ ਅਧਾਰ ਬਣਾਇਆ ਗਿਆ ਹੈ। ਇਹ ਸੁਰਜੀਤ ਪਾਤਰ ਦੇ ਗੀਤਾਂ, ਕਵਿਤਾਵਾਂ ਤੇ ਗ਼ਜ਼ਲਾਂ ਦਾ ਸੰਗ੍ਰਹਿ ਹੈ। ਪਾਤਰ ਦੀ ਸਿਰਜਣਾਹਾਰੀ ਨੂੰ ਸਮਝਣ ਲਈ ਇਸ ਕਿਤਾਬ ਵਿਚਲੇ ਗੀਤਾਂ ਦੇ ਨਾਲ-ਨਾਲ ਪ੍ਰਸੰਗ ਅਨੁਸਾਰ ਕਵਿਤਾਵਾਂ ਅਤੇ ਗ਼ਜ਼ਲਾਂ ਨੂੰ ਵੀ ਅਧਿਐਨ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਪੁਸਤਕ ਦਾ ਨਾਂ ਹੀ ਗੀਤ 'ਵਹਿੰਗੀ' ਦੇ 'ਅਹਿ ਲੈ ਚੁੱਕ ਲੈ ਸਰਵਣਾ ਵੇ, ਚੁੱਕ ਲੈ ਚੰਨ ਸੂਰਜ ਦੀ ਵਹਿੰਗੀ...' ਬੋਲਾਂ ਵਿਚੋਂ ਨਿਕਲਿਆਂ ਹੈ। ਇਸ ਦੇ ਵੀ ਡੂੰਘੇ ਅਰਥ ਹਨ। ਲੋਕਧਾਰਾ ਸ਼ਾਸ਼ਤਰੀ ਡਾ. ਗੁਰਮੀਤ ਸਿੰਘ, ਪਾਤਰ ਦੇ ਇਸ ਗੀਤ ਨੂੰ ਪ੍ਰਗੀਤ ਦੀ ਵੰਨਗੀ ਵਿੱਚ ਰੱਖਦੇ ਹਨ। ਇਸ ਬਾਰੇ ਹੋਰ ਵਿਚਾਰ ਕਰਨ ਤੋਂ ਪਹਿਲਾ ਗੀਤ ਤੇ ਪ੍ਰਗੀਤ ਦਾ ਨਿਖੇੜਾ ਕਰਨਾ ਵੀ ਜ਼ਰੂਰੀ ਹੈ। ਪਾਕਿਸਤਾਨੀ ਪੰਜਾਬੀ ਆਲੋਚਕ ਨਜ਼ਮ ਹੁਸੈਨ ਸੱਯਦ ਦੇ ਅਨੁਸਾਰ ਪ੍ਰਗੀਤ ਇਵੇਂ ਹੈ ਜਿਵੇਂ ਕੋਈ ਸੱਜਣ ਨਾਲ ਭੇਦ ਭਰੀ ਗੱਲ ਕਰ ਰਹੀ ਹੋਵੇ ਅਤੇ ਬੋਲਣ ਵਾਲੀ ਨੇ ਮੂੰਹ ਅੱਗੇ ਹੱਥ ਦਾ ਉਹਲਾ ਕੀਤਾ ਹੋਵੇ।[1]" ਇਸ ਵਿਚਾਰ ਦੇ ਉਲਟ 'ਪੰਜਾਬੀ ਪਾਪੂਲਰ ਗੀਤ ਦਾ ਸੰਬੋਧਨ ਉੱਚਾ ,ਬੜਬੋਲਾ ਤੇ ਨਿਸੰਗ ਹੈ।'[2] ਇਸ ਲਈ ਪ੍ਰਗੀਤ, ਸਾਹਿਤਕ ਗੀਤ ਵੰਨਗੀ ਦੀ ਵਧੇਰੇ ਸੂਖਮਤਾ ਤੇ ਸੰਕੇਤਕਤਾ ਨੂੰ ਪ੍ਰਣਾਈ ਉਪ-ਵੰਨਗੀ ਹੈ। ਸੁਰਜੀਤ ਪਾਤਰ ਦੇ ਗੀਤ, ਪ੍ਰਗੀਤ ਦੇ ਨੇੜੇ ਵੱਧ ਵਿਚਰਦੇ ਹਨ।

'ਚੰਨ ਸੂਰਜ ਦੀ ਵਹਿੰਗੀ' ਪੁਸਤਕ ਰਾਹੀਂ ਸੁਰਜੀਤ ਪਾਤਰ ਦੇ ਗੀਤ-ਜਗਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾ ਇਸੇ ਸਿਰਲੇਖ ਵਾਲੇ ਗੀਤ 'ਤੇ ਧਿਆਨ ਧਰਦੇ ਹਾਂ। ਡਾ. ਗੁਰਮੀਤ ਸਿੰਘ ਨੇ ਇਸ ਗੀਤ ਦਾ ਮਿੱਥ ਰੂਪਾਂਤਰਣ ਦੇ ਨੁਕਤੇ ਤੋਂ ਅਧਿਐਨ ਕੀਤਾ ਹੈ। ਉਹਨਾਂ ਦੇ ਸ਼ਬਦ ਮੁੱਲਵਾਨ ਹਨ; "'ਅਹਿ ਲੈ ਚੁੱਕ' ਵਿਚਲਾ ਚੁੱਕ ਕੇ ਲਿਜਾਣ ਦਾ ਕਰਮ ਵੀ ਸਾਂਝਾ ਹੈ ਪਰ ਇਥੇ ਕਵੀ ਚੰਨ ਤੇ ਸੂਰਜ ਦੀ ਵਹਿੰਗੀ ਨੂੰ ਚੁੱਕਣ ਦਾ ਹੋਕਾ ਦੇ ਰਿਹਾ ਹੈ। ਚੰਨ ਤੇ ਸੂਰਜ ਦੇ ਚਿੰਨ੍ਹ ਅੰਨ੍ਹੇ ਮਾਂ ਪਿਉਂ ਦੀ ਥਾਂ ਲੈ ਆਂਦੇ ਹਨ...ਸਰਵਣ ਹੁਣ ਰਮਾਇਣ ਦੀ ਕਥਾ ਵਾਲਾ ਸਰਵਣ ਨਾ ਹੋ ਕੇ ਸਮਕਾਲੀ ਯੁੱਗ ਵਿਚ ਖਲੋਤਾ ਕੋਈ ਆਦਰਸ਼ਕ ਮੁੱਲਾਂ ਤੇ ਪਹਿਰਾ ਦੇਣ ਵਾਲਾ ਪ੍ਰਤੀਤ ਹੋਣ ਲੱਗਦਾ ਹੈ। ਸਰਵਣ ਦੇ ਅੰਨ੍ਹੇ ਮਾਂ ਪਿਉ ਵਾਂਗ ਚੰਨ ਤੇ ਸੂਰਜ ਦੀ ਵੇਖਣ ਦੀ ਸ਼ਕਤੀ ਵੀ ਗੁੰਮ ਹੋ ਗਈ ਹੈ। ਇਕ ਚਾਨਣ ਗ੍ਰਹਿਣ ਨਹੀਂ ਕਰ ਸਕਦਾ ਤੇ ਦੂਜਾ ਚਾਨਣ ਵੰਡਣ ਦੇ ਫ਼ਰਜ਼ ਤੋਂ ਦੂਰ ਹੋ ਗਿਆ ਹੈ।"[3]

ਇਹਨਾਂ ਵਿਚਾਰਾਂ ਦੀ ਲੋਅ ਵਿਚ 'ਵਹਿੰਗੀ' ਪ੍ਰਗੀਤ ਨੂੰ ਗ੍ਰਹਿਣ ਕਰਦਿਆਂ ਅਤੇ ਇਸ ਪੁਸਤਕ ਦੀਆਂ ਸਾਰੀਆਂ ਰਚਨਾਵਾਂ ਸੂਰਜ (ਚਾਨਣ ਵੰਡਣ ਵਾਲੇ) ਅਤੇ ਚੰਨ (ਚਾਨਣ ਗ੍ਰਹਿਣ ਕਰਨ ਵਾਲਿਆਂ) ਦੇ ਅੰਨ੍ਹੇ ਹੋਣ ਦੀ ਵਿਥਿਆ ਸੁਣਾ ਰਹੀਆਂ ਹਨ। ਇਹਨਾਂ ਅੰਨ੍ਹੇ ਹੋਏ ਚੰਨ ਤੇ ਸੂਰਜ ਦੀ ਵਹਿੰਗੀ ਚੁੱਕਣ ਵਾਲਾ ਕੋਈ ਹੋਰ ਨਹੀਂ ਲੇਖਕ ਜਾਂ ਸਿਰਜਣਹਾਰ ਖ਼ੁਦ ਆਪ ਜਾਪਦਾ ਹੈ, ਜੋ ਇੱਛਾ ਤੇ ਕਲਪਨਾ ਤਾਂ ਇਹਨਾਂ ਰੌਸ਼ਨੀ ਵਿਹੁਣੇ ਸਰੋਤਾਂ ਨੂੰ ਚੁੱਕਣ/ਰੌਸ਼ਨੀ ਭਰਨ ਦੀ ਭਾਵ ਕਿਸੇ ਪਾਰ ਲਾਉਣ ਦੀ ਰੱਖਦਾ ਹੈ ਪਰ ਜਿਵੇਂ ਪੂਰਨ ਸਿੰਘ ਕਹਿੰਦਾ ਕਿ ਅੱਖਰ ਉਸ ਦੇ ਨਿੱਕੇ-ਨਿੱਕੇ ਹੱਥਾਂ ਵਿਚੋਂ ਕਿਰ-ਕਿਰ ਜਾਂਦੇ ਹਨ[4], ਉਸ ਤਰ੍ਹਾਂ ਸ਼ਾਇਰ ਦੇ ਪੂਰੀ ਵਾਹ ਲਾਉਣ ਦੇ ਬਾਵਜੂਦ ਇਹ ਖਿਲਰ-ਖਿਲਰ ਜਾਂਦੇ ਹਨ। 'ਚੰਨ ਸੂਰਜ ਦੀ ਵਹਿੰਗੀ' ਪੁਸਤਕ ਦੀ ਪੂਰੀ ਯਾਤਰਾ ਤੋਂ ਪ੍ਰਤੀਤ ਹੁੰਦਾ ਹੈ ਕਿ ਗੀਤਾਂ ਤੇ ਕਵਿਤਾਵਾਂ ਭਾਰਤ/ਪੰਜਾਬ ਹਨੇਰ-ਗਰਦੀ ਦੇ ਮਾਹੌਲ ਨੂੰ ਚਿਤਰਣ ਅਤੇ ਉਸ ਨਾਲ ਦਸਤ-ਪੰਜਾ ਲੈਣ ਦਾ ਹੌਸਲਾ-ਕਰਨ, ਇਸ ਰਾਹ 'ਤੇ ਕਦੇ ਜਿੱਤ ਜਾਣ ਤੇ ਕਦੇ ਹਾਰ ਜਾਣ ਦੀ ਕਸ਼ਮਕਸ਼ ਦੀਆਂ ਕਥਾਵਾਂ ਹਨ। ਡਾ. ਗੁਰਮੀਤ ਅੱਗੇ ਲਿਖਦੇ ਹਨ, "ਚੰਨ ਤੇ ਸੂਰਜ ਸਮਾਜ ਦੇ ਉਸ ਵਰਗ ਦੇ ਲਖਾਇਕ ਹਨ ਜਿਨ੍ਹਾਂ ਦਾ ਕਰਤਵ ਰੋਸ਼ਨੀ ਦੇਣਾ ਹੈ, ਸੱਚ ਤੇ ਪਹਿਰਾ ਦੇਣਾ ਹੈ। ਸਮਾਜ ਦਾ ਮਾਰਗ ਦਰਸ਼ਨ ਕਰਨਾ ਹੈ। ਪਰ ਇਹ ਲੋਕ ਤਾਂ ਆਪ ਹੀ ਅੰਨ੍ਹੇ ਹੋਏ ਫਿਰਦੇ ਹਨ।"[5] ਅਕਸਰ ਹੀ ਸੁਰਜੀਤ ਪਾਤਰ ਨੂੰ ਉਸ ਦੀ ਕਾਵਿ-ਦੁਬਿਧਾ ਲਈ ਨਿੰਦਿਆ ਜਾਂਦਾ ਹੈ, ਉਸ ਦੇ ਕਈ ਮਸਲਿਆਂ 'ਤੇ ਸਪੱਸ਼ਟ ਪੱਖ ਨਾ ਲੈਣ ਲਈ ਨਾਰਾਜ਼ਗੀ ਜ਼ਾਹਰ ਹੁੰਦੀ ਹੈ। ਪਰ ਹੱਥਲੇ ਗੀਤਾਂ ਤੇ ਕਵਿਤਾਵਾਂ ਰਾਹੀਂ ਦੇਖਿਆ ਜਾਵੇ ਤਾਂ ਚੰਨ ਤੇ ਸੂਰਜ, ਜਿਹੜੇ ਸਮਾਜ ਦੇ ਪ੍ਰਤਿਸ਼ਠ ਵਰਗ ਦੇ ਪ੍ਰਤਿਨਿਧ ਚਿੰਨ੍ਹ ਹਨ, ਉਹਨਾਂ ਨੂੰ ਅੰਨ੍ਹਿਆਂ ਕਹਿਣ ਦੀ ਹਿਮਾਕਤ ਕਰਨਾ ਕੋਈ ਘੱਟ ਹੌਸਲੇ ਵਾਲਾ ਕਾਰਜ ਨਹੀਂ, ਏਨਾ ਜ਼ਰੂਰ ਹੈ ਕਿ ਪਾਤਰ ਇੱਕ ਸਿਰਜਣਹਾਰ ਹੈ, ਕਵੀ ਹੈ, ਉਸ ਦੀ ਗੱਲ ਬਿੰਬਾਂ ਤੇ ਪ੍ਰਤੀਕਾਂ ਦੀ ਪੁਸ਼ਾਕ ਪਾ ਕੇ ਹੀ ਆਉਂਦੀ ਹੈ।

ਡਾ. ਗੁਰਮੀਤ ਸਿੰਘ ਦੇ ਅਨੁਸਾਰ, "ਮਿਥ ਸਮੂਹਿਕ ਅਵਚੇਤਨ ਦਾ ਪਰਤੌ ਹੋਣ ਕਾਰਨ ਜਾਂ ਤਾਂ ਸਹਿਜ ਸੰਚਾਰ ਲਈ ਵਰਤੀ ਜਾਂਦੀ ਹੈ ਜਾਂ ਦ੍ਰਿਸ਼ਟਾਂਤ ਲਈ ਤੇ ਜਾਂ ਫਿਰ ਸਥਾਪਤ ,ਮਿਥ ਨੂੰ ਨਵੇਂ ਅਰਥਾਂ/ਪ੍ਰਸੰਗਾਂ ਵਿਚ ਢਾਲਣ ਲਈ, ਇਸ ਦਾ ਸਹਾਰਾ ਲਿਆ ਜਾਂਦਾ ਹੈ।[6]

ਪਾਤਰ ਆਪਣੇ ਗੀਤਾਂ ਤੇ ਕਵਿਤਾ ਵਿੱਚ ਸਾਰੇ ਤਰ੍ਹਾਂ ਹੀ ਮਿੱਥਾਂ ਦੀ ਵਰਤੋਂ ਕਰਦਾ ਹੈ ਪਰ ਸਮਕਾਲੀ ਪ੍ਰਸੰਗ ਵਿੱਚ ਮਿੱਥਾਂ ਰੂਪਾਂਤਰਣ ਪਾਤਰ ਦੀ ਰਚਨਾਕਾਰੀ ਨੂੰ ਵਿਲੱਖਣ ਬਣਾਉਂਦਾ ਹੈ, 'ਵਹਿੰਗੀ' ਗੀਤ ਇਸ ਦੀ ਪੁਖਤਾ ਉਦਾਹਰਨ ਹੈ।

ਸੁਰਜੀਤ ਪਾਤਰ ਦੀ ਕਾਵਿ ਤੇ ਗੀਤ-ਸੰਵੇਦਨਾ ਦਾ ਧੁਰਾ ਅਸਤਿਤਵ ਹੈ। ਇਹ ਮਨੁੱਖੀ ਅਸਤਿਤਵ ਵੀ ਹੈ ਤੇ ਕੁਦਰਤ ਦਾ ਅਸਤਿਤਵ ਵੀ। ਪਾਤਰ ਕਾਵਿ ਹਮੇਸ਼ਾਂ ਮਨੁੱਖੀ ਅਸਸਤਿਵ ਨੂੰ ਕਾਂਟੇ ਹੇਠਾਂ ਰੱਖਦਾ ਹੈ ਭਾਵ ਉਸ ਨੂੰ ਲਗਾਤਾਰ ਪ੍ਰੀਖਿਆ ਵਿੱਚ ਪਾਈ ਰੱਖਦਾ ਹੈ। ਕਵਿਤਾ ਦੇ ਬੋਲ ਹਨ;

ਕਵਿਤਾ ਜਦੋਂ ਖਿਲਾਫ਼ ਕਹੇ ਤਾਂ
ਉਸ ਦੇ ਲਫ਼ਜ ਨਹੀਂ ਬਦਲੀਏ
ਆਪਣੇ ਆਪ ਨੂੰ ਬਦਲੀਦਾ ਹੈ
ਨਾ ਵੀ ਬਦਲ ਸਕੋ ਤਾਂ, ਤਾਂ ਵੀ
ਬਦਲ ਹੋਣ ਨੂੰ ਤੜਪੀਦਾ ਹੈ
ਤੜਪਣ ਵਿਚ ਹੀ ਮਾਨਵਤਾ ਹੈ
ਤੜਪਣ ਵਿਚ ਹੀ ਕਾਵਿਕਤਾ ਹੈ
ਤੜਪਣ ਵਿਚ ਹੀ ਇਨਕਲਾਬ ਹੈ।[7]

ਇਹ ਤੜਪਣਾ ਪਾਤਰ ਦੀ ਰਚਨਾਕਾਰੀ ਦੇ ਅੰਦਰ ਆਤਮਾ ਵਾਂਗ ਵੱਸੀ ਮਹਿਸੂਸ ਹੁੰਦੀ ਹੈ, ਜਿਵੇਂ "ਆਪਣੀ ਕਾਇਆ ਹੀ ਹੈ ਸੂਲੀ, ਆਪਣੀ ਹੋਂਦ ਕਸੂਰ ਏ, ਚੁਪ ਮੁਨਸਿਫ਼ ਦੇ ਆਖੇ ਲੱਗ ਕੇ, ਮਰ ਜਾਣਾ ਮਨਜ਼ੂਰ ਏ।"[8] ਪਾਤਰ-ਕਾਵਿ ਵਿਅਕਤੀ ਨੂੰ ਆਪਣੇ ਅੰਦਰਲੇ ਹਨੇਰੇ ਨੂੰ ਚੀਰਣ ਦੇ ਨਾਲ-ਨਾਲ ਸਮਾਜ ਵਿੱਚ ਫੈਲੇ ਹਨੇਰੇ ਨੂੰ ਹਰਣ ਲਈ ਵੀ ਪ੍ਰੇਰਿਤ ਕਰਦਾ ਹੈ;

ਜਗਾ ਦੇ ਮੋਮਬੱਤੀਆਂ, ਉਠ ਜਗਾ ਦੇ ਮੋਮਬੱਤੀਆਂ
ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ
ਪੌਣਾਂ ਕੁਪੱਤੀਆਂ, ਤੂੰ ਜਗਾ ਦੇ ਮੋਮਬੱਤੀਆਂ।[9]

ਸੁਰਜੀਤ ਪਾਤਰ ਆਪਣੇ ਰਚਨਾ-ਸੰਸਾਰ ਵਿੱਚ ਵਿਅਕਤੀ ਅਤੇ ਸਮਾਜ ਨੂੰ ਅਪਣੇ

ਹਾਲਤ ਦੇ ਸਨਮੁੱਖ ਕਰਦਾ ਹੈ, ਕੁੜੱਤਣ ਭਰੀਆਂ ਹਕੀਕਤਾਂ ਨਾਲ ਰੂ-ਬ-ਰੂ ਕਰਦਾ ਹੈ, ਪਾਤਰ ਦੇ ਗੀਤ ਸਮਾਜ ਦੀ ਦੁੱਖਦੀ ਰਗ ਤੇ ਹੱਥ ਰੱਖਦੇ ਹਨ।

ਜਿੱਥੇ ਸੁਹਣੇ ਬਾਲ ਅੰਞਾਣੇ
ਰੋ ਰੋ ਸੌਂ ਗਏ ਭੁੱਖਣ ਭਾਣੇ
ਜੇ ਨਾ ਪਹੁੰਚੇ ਉਸ ਥਾਂ ਦਾਣੇ
ਕਿਸ ਕੰਮ ਆਉਣੇ ਇਹ ਸੜ-ਜਾਣੇ।[10] ਜਾਂ
ਅਸੀਂ ਬੰਦੇ ਰੱਬ ਦੇ ਜ਼ਮੀਨ ਵੀ ਏ ਰੱਬ ਦੀ
ਤਾਂ ਵੀ ਪੈਰ ਧਰਨ ਜੋਗੀ ਥਾਂ ਕਿਉਂ ਨਈਂ ਲੱਭਦੀ।[11]

ਪਾਤਰ ਗੀਤ-ਕਾਵਿ ਵਿਅਕਤੀ ਦੀ ਅੰਦਰੋਂ-ਬਾਹਰੋਂ ਭੰਨ-ਤੋੜ ਕਰਦਾ ਹੈ, ਪਰ ਨਾਲ ਹੀ ਆਸ ਨੂੰ ਉਸ ਦੇ ਹੱਥਾਂ ਵਿਚੋਂ ਕਿਰਣ ਨਹੀਂ ਦੇਂਦਾ।

ਨ੍ਹੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਆਸ-ਭਰੀਆਂ ਮਾਣ-ਮੱਤੀਆਂ
ਉੱਠ ਜਗਾ ਦੇ ਮੋਮਬੱਤੀਆਂ

ਪਾਤਰ ਦੀ ਕਾਵਿ ਤੇ ਗੀਤ-ਸੰਦੇਵਨਾ ਦਾ ਪ੍ਰਮੁੱਖ ਸਰੋਤ ਤੇ ਪ੍ਰਗਟਾਅ ਕੁਦਰਤ ਦਾ ਕਾਇਨਾਤੀ ਚਿਤਰਣ ਹੈ। ਕੁਦਰਤ ਉਸ ਦੇ ਸ਼ਬਦਾਂ ਦੇ ਆਰ-ਪਾਰ ਫੈਲਦੀ ਹੈ। ਇਸ ਕਿਤਾਬ ਦਾ ਸਮਰਪਣ 'ਧਰਤੀ ਦੀਆਂ ਧੀਆਂ ਦੇ ਨਾਂ' ਹੈ। ਪਾਤਰ ਦੇ ਗੀਤਾਂ ਅਤੇ ਕਵਿਤਾਵਾਂ ਵਿੱਚ ਬਾਣੀ ਦੇ 'ਖੇਲੇ ਸਗਲ ਜਗਤ' ਦੇ ਭਾਵ ਅਨੁਸਾਰ ਸਮੁੱਚੀ ਕੁਦਰਤ ਕਦੇ ਬੱਚੇ ਵਾਗੂੰ ਤੇ ਕਦੇ ਮਹਿਬੂਬ ਵਾਗੂੰ ਅਠਖੇਲੀਆਂ ਕਰਦੀ ਨਜ਼ਰ ਆਉਂਦੀ ਹੈ। ਇਸ ਨੁਕਤੇ ਤੋਂ 'ਮੈਂ ਇਕ ਦਿਨ ਫੇਰ ਆਉਣਾ ਹੈ' ਗੀਤ ਦੇ ਚਿੰਨ੍ਹ, ਰੂਪਕ ਤੇ ਭਾਵ ਮਹਿਸੂਸ ਕਰਨ ਯੋਗ ਹਨ। ਪਾਤਰ ਦੀ ਦ੍ਰਿਸ਼ਟੀ ਦੀ ਨੀਝ ਤੇ ਕੋਮਲਤਾ ਦਾ ਨਮੂਨਾ ਇਹਨਾਂ ਸ਼ਬਦਾਂ ਵਿਚੋਂ ਦੇਖਿਆ ਜਾ ਸਕਦਾ ਹੈ;'ਕਿਸੇ ਵੰਝਲੀ ਦਿਓ ਛੇਕੋ, ਮੇਰੇ ਮਿਰਜੇ ਦੀਓ ਹੇਕੋ, ਮੇਰੇ ਸੀਨੇ ਦਿਓ ਸੇਕੋ।' ਪਾਤਰ ਦੇ ਗੀਤਾਂ ਵਿੱਚ ਵੀ ਕੁਦਰਤ ਦਾ ਕਾਇਨਾਤੀ ਚਿਤਰਣ ਭਰਪੂਰ ਰੂਪ ਵਿੱਚ ਸ਼ਾਮਿਲ ਹੈ। ਉਪਰੋਕਤ ਗੀਤ ਵਿੱਚ ਖਿਆਲ ਦੀ ਯਾਤਰਾ ਦੇਖੋ, 'ਇਨ੍ਹਾਂ ਦੋ ਚਾਰ ਸਾਲਾਂ ਵਿੱਚ, ਇਹ ਬੱਸ

ਆਉਂਦੇ ਸਿਆਲਾਂ ਵਿਚ, ਕਿ ਜਾਂ ਸ਼ਾਇਦ ਖ਼ਿਆਲਾਂ ਵਿੱਚ"। ਸ਼ਾਇਦ ਸੁਰਜੀਤ ਪਾਤਰ ਨੇ ਇਹ ਜਾਣ ਲਿਆ ਸੀ, 'ਫਿਰ ਮੈਂ ਇਹ ਅਸਲੀਅਤ ਜਾਣੀ, ਕਾਦਰ ਰਾਜਾ ਕੁਦਰਤ ਰਾਣੀ' ਜਾਂ 'ਜੁ ਪੀਲੇ ਪੱਤਿਆਂ ਤੇ ਲਿਖ ਕੇ ਚਿੱਠੀਆਂ, ਇਹ ਰੁੱਖ ਸਮੁੰਦਰਾਂ ਨੂੰ ਭੇਜਦੇ ਨੇ, ਤਾਂ ਪੜ੍ਹ ਕੇ ਚਿੱਠੀਆਂ ਨੇ ਉਡਦੇ ਪਾਣੀ, ਕਣੀ ਕਣੀ ਹੋ ਕੇ ਬਰਸਦੇ ਨੇ' ਆਦਿ।

ਪਾਤਰ ਦੇ ਕਵਿਤਾ ਤੇ ਗੀਤਾਂ ਦਾ ਚਿੰਨ੍ਹ-ਵਿਧਾਨ ਕੁਦਰਤ ਵਿਚੋਂ ਹੀ ਆਉਂਦਾ ਹੈ। ਹੱਥਲੀ ਪੁਸਤਕ ਦੇ ਨਾਂ ਤੋਂ ਇਲਾਵਾ ਇਸ ਵਿਚਲੀ ਕਵਿਤਾ 'ਧਰਤੀ' ਦਾ ਪਾਠ ਦਿਲਚਸਪ ਹੈ। ਪਾਤਰ ਦੇ ਕਹਿਣ ਅਨੁਸਾਰ ""ਧਰਤੀ" ਇੱਕ ਲੰਮੀ ਕਵਿਤਾ ਦਾ ਹਿੱਸਾ ਹੈ, ਜੋ ਮੈਂ ਅਜੇ ਮੁਕੰਮਲ ਨਹੀਂ ਕਰ ਸਕਿਆ।"[12] ਇਹ 1947 ਦੇ ਆਜ਼ਾਦੀ ਦੇ ਦਿਹਾੜੇ ਦੇ ਸਿੰਗਰੀਫਾਇਰ ਅਤੇ ਜਸ਼ਨਾਂ ਦੇ ਸਾਹਮਣੇ '47 ਦੀ ਵੰਡ, ਉਜਾੜੇ, ਹੱਲਿਆਂ ਦੀ ਵਹਿਸ਼ਤ, ਧਰਮ ਦੇ ਨਾਂ ਹੇਠਾਂ ਹੋਏ ਕਤਲੋ-ਗਾਰਤ ਨੂੰ ਪੇਸ਼ ਕਰਦੀ ਹੈ ਜਿੱਥੇ ਇਨਸਾਨੀਅਤ ਕਦਮ ਕਦਮ ਤੇ ਸ਼ਰਮਸ਼ਾਰ ਹੋਈ ਸੀ। ਕਵਿਤਾ ਦੇ ਪਹਿਲੇ ਹਿੱਸੇ ਭਾਰਤ ਅਤੇ ਪੰਜਾਬ ਦੇ ਦਰਿਆਂ ਦੇ ਹਵਾਲੇ ਨਾਲ ਅਜ਼ਾਦੀ ਦੇ ਦਿਹਾੜੇ ਲਈ ਭਾਰਤ ਅਤੇ ਪੰਜਾਬ ਦੇ ਵੱਖਰੇ-ਵੱਖਰੇ ਅਰਥ ਹੋਣ ਦਾ ਭਾਵ ਪ੍ਰਗਟ ਹੁੰਦੇ ਹਨ। "ਪਹਿਲੀ ਵਾਰੀ ਲਾਲ ਕਿਲੇ ਤੇ ਝੁੱਲਿਆਂ ਜਦੋਂ ਤਿਰੰਗਾ, ਰੁਮਕੀ ਪੌਣ, ਉਛਲੀਆਂ ਨਦੀਆਂ, ਕੀ ਜਮਨਾ ਕੀ ਗੰਗਾ, ਏਨੇ ਚਿਰ ਨੂੰ...ਸਤਲੁਜ ਨੂੰ ਕੁਝ ਸਮਝ ਨਾ ਆਵੇ, ਜਸ਼ਨਾਂ ਵਿਚ ਕਿੰਜ ਰੋਵੇ, ਨਾ ਵੀ ਰੋਵੇ ਤਾਂ ਲਹਿਰਾਂ ਵਿਚ ਲਾਸ਼ਾਂ ਕਿਵੇਂ ਲੁਕੋਵੇ।"[13] ਕਵਿਤਾ ਦੇ ਕੁਝ ਅੰਸ਼ ਦੇਖੀਏ;

- ਸਤਲੁਜ ਨੂੰ ਕੁਝ ਸਮਝ ਨ ਆਵੇ, ਜਸ਼ਨਾਂ ਵਿਚ ਕਿੰਜ ਰੋਵੇ...,
- ਪਰ ਰਾਵੀ ਦੋ ਟੁਕੜੇ ਹੋਈ, ਅਸੀਂ ਤਾਂ ਅੱਖੀਂ ਤੱਕਿਆ...,
- ਨਾਲ ਨਮੋਸ਼ੀ ਪਾਣੀ ਪਾਣੀ ਹੋਏ ਝਨਾਂ ਦੇ ਪਾਣੀ...,
- ਕਹੇ ਬਿਆਸਾ ਮੈਂ ਬੇਆਸਾ , ਮੈਂ ਕੀ ਧੀਰ ਧਰਾਵਾਂ...,
- ਜਿਹਲਮ ਆਖੇ ਚੁੱਪ ਭਰਾਵੋ, ਪਾਣੀ ਦਾ ਕੀ ਹੋਣਾ...,

ਇਹ ਪੂਰੀ ਕਵਿਤਾ ਵਿੱਚ ਦਰਿਅਵਾਂ ਦਾ ਕਮਾਲ ਦਾ ਬਿਆਨ ਹੈ, ਜੋ '47 ਦੀ ਪੀੜ ਨੂੰ ਜਬਾਨ ਦਿੰਦੇ ਹਨ। 'ਧਰਤੀ' ਕਵਿਤਾ '47 ਦੇ ਕਤਲ ਦੇ ਰੋਜ਼ ਦੀ ਹੈ। ਇਸ ਤੋਂ ਬਾਅਦ

ਦੀ ਰਚਨਾ/ਗੀਤ 'ਅਗਲੀ ਸਵੇਰ ਦਾ ਗੀਤ' ਉਸ ਉਜਾੜੇ ਤੋਂ ਅਗਲੀ ਸਵੇਰ ਦੀ ਹੈ। ਜਿਸ ਵਿੱਚ ਮੰਥਨ ਤੇ ਜੀਵਨ ਦੀ ਮੁੜ-ਉਸਾਰੀ ਹੈ, ਮਸਲਨ:

ਉਹ ਜੋ ਰੁੜ੍ਹ ਗਿਆ, ਉਹਨੂੰ ਜਾਣ ਦੇ
ਇਹਨੂੰ ਸਾਂਭ ਲੈ, ਇਹ ਜੋ ਬਚ ਗਿਆ,
ਉਠ ਜਾਗ ਸੂਰਜ ਨੂੰ ਸਿਰ ਝੁਕਾ
ਉਠ ਜਾਗ ਧਰਤੀ ਦਾ ਦੁਖ ਵੰਡਾ
ਰੱਤ ਧੋਣ ਨੂੰ ਹੀ ਭੇਜੀਆਂ,
ਇਸ ਵਾਰ ਅੱਲਾਂ ਨੇ ਬਾਰਿਸ਼ਾਂ
...ਤੂੰ ਵੀ ਹੰਝੂਆਂ ਵਿੱਚ ਰੋੜ੍ਹ ਦੇ,
ਟੁੱਟੇ ਹੋਏ ਖ਼ਾਬਾਂ ਦਾ ਸਿਲਸਿਲਾ
...ਹੁਣ ਇਸ ਨਮੀ ਦੇ ਹੀ ਆਸਰੇ
ਤੂੰ ਨਵੇਂ ਸੁਪਨ ਦੀ ਫਸਲ ਉਗਾ।[14]

ਇਸ ਤਿਕੜੀ 'ਚ ਤੀਜੀ ਰਚਨਾ 'ਇਹ ਨੇ ਅੱਜਕਲ੍ਹ...ਮੇਰੇ ਪੰਜ ਦਰਿਆਵਾਂ ਦੇ ਨਾਂ' ਹੈ। ਇਹ ਸਮਕਾਲ ਨੂੰ ਮੁਖ਼ਾਤਿਬ ਹੈ। ਜਿਸ ਵਿਚ ਸਮਕਾਲੀ ਸਥਿਤੀ ਨੂੰ 'ਮਾਤਮ, ਹਿੰਸਾ, ਖ਼ੌਫ਼, ਬੇਬਸੀ ਤੇ ਅਨਿਆਂ' ਰਾਹੀਂ ਚਿਤਵਿਆਂ ਗਿਆ ਹੈ। ਇਸ ਚਿੰਤਾ ਬਨਾਮ ਚਿੰਤਨ ਦੇ ਸਨਮੁਖ 'ਰਾਗ, ਸ਼ਾਇਰੀ, ਹੁਸਨ, ਮੁਹੱਬਤ ਅਤੇ ਨਿਆਂ' ਦੀ ਭਵਿੱਖਮੁਖੀ ਆਸ ਵੀ ਹੈ। ਹਿੰਦੀ ਸਾਹਿਤ ਦੇ ਵਿਦਵਾਨ ਡਾ. ਰਾਮਾ ਸ਼ੰਕਰ ਸਿੰਘ ਨੇ 'ਪਾਣੀ ਕੀ ਦੁਨੀਆਂ ਔਰ ਸਾਹਿਤਯ'[15] ਵਿਸ਼ੇ 'ਤੇ ਵਿਚਾਰ ਪੇਸ਼ ਕਰਦਿਆਂ ਬੜੇ ਵਚਿੱਤਰ ਨੁਕਤੇ ਪੇਸ਼ ਕੀਤੇ ਸਨ ਕਿ ਭਾਰਤੀ ਸਾਹਿਤ ਵਿੱਚ ਕਾਲੀਦਾਸ ਤੋਂ ਲੈ ਕੇ ਹੋਰ ਵੱਡੇ ਰਚਨਾਕਾਰਾਂ ਦੇ ਆਪਣੀ ਕਵਿਤਾ ਵਿੱਚ ਦਰਿਆਵਾਂ ਅਤੇ ਨਦੀਆਂ ਦਾ ਜ਼ਿਕਰ ਬਹੁਤ ਕੀਤਾ ਹੈ। ਉਹਨਾਂ ਇਹ ਵੀ ਕਿਹਾ ਕਿ ਕਿਸੇ ਕਵੀ ਵਿਸ਼ੇਸ਼ ਦਾ ਕਾਵਿ ਕਿਸੇ ਵਿਸ਼ੇਸ਼ ਦਰਿਆ ਜਾਂ ਨਦੀ ਨਾਲ ਵੀ ਜੁੜਿਆ ਰਿਹਾ ਹੈ। ਇਸ ਨੁਕਤੇ ਤੋਂ ਦੇਖਿਆ ਲੱਗਦਾ ਹੈ ਕਿ ਸੁਰਜੀਤ ਪਾਤਰ ਨੇ ਪੰਜਾਬ ਦੇ ਵੱਡੇ ਫਿਕਰ ਅਤੇ ਸੂਖਮ ਭਾਵਨਾਂਵਾਂ ਨੂੰ ਪੰਜਾਬ ਦੇ ਪੰਜ ਦਰਿਆਵਾਂ ਦੇ ਮੈਟਾਫਰ ਨਾਲ ਬਿਆਨ ਕੀਤਾ ਹੈ। ਇਸ ਪੁਸਤਕ ਵਿੱਚ ਹੀ 'ਮਾਂ ਬੋਲੀ ਦਾ ਗੀਤ' ਦੇ ਬੋਲ ਹਨ; "ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ,

ਏਦਾਂ ਕਰਦੀਆਂ ਬਿਆਸਾ ਨਾਲ ਗੱਲਾਂ...ਤੂੰ ਰਾਣੀ ਪੰਜ ਦਰਿਆਵਾਂ ਦੀ, ਕਿਉਂ ਰਹੇਂ ਤੂੰ ਗੋਲੀ ਬਣ ਕੇ" [16] ਜਾਂ 'ਕਹੇ ਸਤਲੁਜ ਦਾ ਪਾਣੀ' ਆਦਿ। ਪੰਜਾਬ ਦੇ ਪੰਜ ਦਰਿਆ ਪਾਤਰ ਕਾਵਿ ਦੇ ਅੰਗ-ਸੰਗ ਰਹਿੰਦੇ ਹਨ।

ਪੰਜਾਬ ਦੇ ਹਾਲਾਤ ਦੀ ਚੀਸ ਹਮੇਸ਼ਾਂ ਸੁਰਜੀਤ ਪਾਤਰ ਦੀ ਰਚਨਾ ਦੇ ਅੰਦਰ ਧੁੱਖਦੀ ਹੈ। ਉਹਨੂੰ ਪੰਜਾਬ, ਅੱਧ ਚੋਂ ਟੁੱਟੇ ਗੀਤ ਵਰਗਾ ਲੱਗਦਾ ਹੈ। "ਕੀ ਦੱਸੀਏ ਹਾਲ ਪੰਜਾਬ ਦਾ...ਉਸ ਅੱਧ ਚੋਂ ਟੁੱਟੇ ਗੀਤ ਦਾ, ਉਸ ਵਿਛੜੀ ਹੋਈ ਰਬਾਬ ਦਾ।" [17] ਪਾਤਰ, ਭਰੂਣ ਹੱਤਿਆ ਵਰਗੇ ਘਿਨਾਉਣੇ ਪਾਪ ਨੂੰ ਇੰਝ ਜਬਾਨ ਦਿੰਦਾ ਹੈ; 'ਛਾਪਾ ਮਾਰ ਕੁੱਖਾਂ ਤੇ, ਗੁਨਾਹਾਂ ਵਾਂਗੂੰ ਲੱਭਦੇ ਨੇ, ਧੀ ਤਾਂ ਨੀ ਕਿਤੇ ਲੁਕੀ ਹੋਈ।' ਸੁਰਜੀਤ ਪਾਤਰ ਪੰਜਾਬ ਦੇ ਵੱਡੇ ਫਿਕਰਾਂ ਨੂੰ ਮੁਖਾਤਿਬ ਰਿਹਾ ਹੈ। ਇਸ ਪੁਸਤਕ ਵਿੱਚ '47 ਦੇ ਉਜਾੜੇ ਤੋਂ ਬਾਅਦ ਉਹ '84 ਦੇ 'ਦਹਿਸ਼ਤ ਦੇ ਦਿਨਾਂ ਦਾ ਗੀਤ' ਵੀ ਲਿਖਦਾ ਹੈ। ਜਿਵੇਂ ਪਹਿਲਾ ਜ਼ਿਕਰ ਕੀਤਾ ਹੈ ਕਿ ਪਾਤਰ ਕਾਵਿ ਆਸ ਦਾ ਪੱਲਾ ਨਹੀਂ ਛੱਡਦੀ ਕਈ ਵਾਰ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਕਿ ਨੀਟਸ਼ੇ ਦੇ ਮਹਾਂਮਾਨਵ ਵਾਲੀ ਆਸ ਦੀ ਡੋਰ ਸਾਧਾਰਨ ਮਾਨਵ ਫੜ ਸਕਣ ਦੇ ਸਮਰੱਥ ਵੀ ਹੈ ਜਾਂ ਨਹੀਂ। '84 ਬਾਰੇ 'ਦਹਿਸ਼ਤ ਦੇ ਦਿਨਾਂ ਦਾ ਗੀਤ' ਵਿਚ ਕਵੀ ਭੱਖਦੇ ਅੰਗਿਅਰਿਆਂ ਤੇ ਖੜਾ ਵੀ ਇਹ ਬੋਲ ਉਚਾਰ ਰਿਹਾ;

ਕਿਤੇ ਘਾਹ ਦੀ ਤਿੜ ਕਿਤੇ ਫੁੱਲ ਬਣ ਉੱਗਾਂਗਾ
ਏਸ ਤਰ੍ਹਾਂ ਹਾਰਿਆ ਤਾਂ ਓਸ ਤਰ੍ਹਾਂ ਪੁੱਗਾਂਗਾ।[18]

ਇਸ ਤਰ੍ਹਾਂ ਕਾਵਿ-ਪਾਤਰ ਠਹਿਰਾ ਤੇ ਸੰਤੁਲਨ ਵੀ ਬਣਾਈ ਰੱਖਦਾ ਹੈ , "ਨੈਣ ਜੋ ਉਡੀਕਦੇ ਨੇ ਅੰਤ ਹਟ ਜਾਣਗੇ, ਅੱਜ ਹੋਰ ਕੱਲ੍ਹ ਹੋਰ ਦੁੱਖ ਘੱਟ ਜਾਣਗੇ।" [19] ਜਾਂ

ਚੁਪ ਕਰ ਅੜੀਏ ਚੁਪ ਕਰ
ਪਹਿਨ ਲੈ ਮੁੜ ਕੇ ਸੂਹੇ ਤੇ ਸਾਵੇ
ਪਾਵਨ ਤੇਰਾ ਖਿੜਨਾ
ਇਕ ਅੱਥਰੂ ਵਿਚ ਧੋਤੇ ਜਾਣਾ
ਹੋਰ ਕੀ ਤੀਰਥ ਕਰਨਾ[20]

ਇਕ ਲੈਕਚਰ ਵਿੱਚ ਡਾ. ਰਾਜੇਸ਼ ਨੇ ਕਿਹਾ ਕਿ "ਨੌਜਵਾਨ ਨਸ਼ੇ ਕਿਉਂ ਕਰਦੇ ਹਨ? ਕਿਉਂ ਕਿ ਉਹਨਾਂ ਨੂੰ ਆਪਣੀ ਕਹਾਣੀ ਨਹੀਂ ਕਹਿਣੀ ਆਉਂਦੀ।"[21] ਤੇ ਇਸ ਵਿਚਾਰ ਦੀ ਲੋਅ ਵਿੱਚ ਮੇਰੀ ਰਾਇ ਹੈ ਕਿ ਸਾਹਿਤ/ਕਵਿਤਾ ਬੰਦੇ ਨੂੰ ਆਪਣੀ ਕਹਾਣੀ ਕਹਿਣੀ ਸਿਖਾਉਂਦੀ ਹੈ ਤੇ ਹੁਣ ਪਾਤਰ ਦੀ ਰਚਨਾ, ਉਹਨਾਂ ਵਕਤ ਤੋਂ ਹਾਰੇ ਨੌਜਵਾਨਾਂ ਮੁੰਡੇ ਕੁੜੀਆਂ ਦੇ ਸਾਹਮਣੇ ਹੈ ਜਿੰਨਾਂ ਦਾ ਕਿਸੇ ਕਮਜ਼ੋਰ ਪਲ ਜ਼ਿੰਦਗੀ ਤੋਂ ਮੁੱਖ ਮੋੜਨ ਨੂੰ ਜੀਅ ਕਰਦਾ ਹੈ;

ਮੇਰੇ ਖੁਦਕੁਸ਼ੀ ਦੇ ਰਾਹ ਵਿੱਚ,
ਸੈਆਂ ਹੀ ਅੜਚਣਾਂ ਨੇ
...ਇਕ ਰਾਤ ਹੋਈ ਮੇਰੀ,
ਜੀਵਨ ਦੇ ਨਾਲ ਅਣਬਣ,
ਮੈਂ ਮਰਨ ਤੁਰੀ ਤਾਂ ਲਗ ਪਈ,
ਮੇਰੀ ਪਾਜ਼ੇਬ ਛਣਕਣ,
ਬਾਹੋਂ ਪਕੜ ਬਿਠਾਇਆ,
ਟੁੱਟ ਪੈਣੇ ਕੰਗਣਾਂ ਨੇ" [22]

ਕਈ ਵਾਰ ਮੈਨੂੰ ਪਾਤਰ ਕਵੀ ਨਾਲੋਂ ਵੱਧ ਦਾਰਸ਼ਨਿਕ ਲੱਗਣ ਲੱਗ ਪੈਂਦਾ ਹੈ, "ਚੁੱਪ ਕਰ ਅੜੀਏ ਚੁਪ ਕਰ, ਪਹਿਨ ਲੈ ਮੁੜ ਕੇ ਸੂਹੇ ਤੇ ਸਾਵੇ, ਪਾਵਨ ਤੇਰਾ ਖਿੜਨਾ, ਇਕ ਅੱਥਰੂ ਵਿਚ ਧੋਤੇ ਜਾਣਾ, ਹੋਰ ਕੀ ਤੀਰਥ ਕਰਨਾ।" [23] ਉਸ ਦੇ ਕਾਵਿ ਬੋਲ ਉਕਤੀਆਂ ਬਣਨ ਦੀ ਸਮੱਰਥਾ ਰੱਖਦੇ ਹਨ।

'ਜਗਾ ਦੇ ਮੋਮਬੱਤੀਆਂ' ਦਾ ਅੰਤਰਾ ਦੇਖਣਯੋਗ ਹੈ;
"ਰੋ ਨਾ ਇਹ ਰਹਿਰਾਸ ਦਾ ਵੇਲਾ ਹੈ ਕੁੜੀਏ,
ਕਾਲ ਨੂੰ ਨਾ ਰੋਈਏ ਤ੍ਰੈਕਾਲਾਂ 'ਨਾ ਜੁੜੀਏ
ਸਿਰ ਤੋਂ ਸਭ ਲੰਘ ਜਾਂਦੀਆਂ ਨੇ ਸਾੜ੍ਹ-ਸੱਤੀਆਂ" [24]

ਨਾਰਥਫਰਾਈ ਦਾ ਵਿਚਾਰ ਹੈ, "ਪ੍ਰਗੀਤ ਅਜਿਹਾ ਰੂਪਾਕਾਰ ਹੈ ਜਿਸ ਦਾ ਮੂਲ ਆਧਾਰ ਸਵੈ-ਸੰਬੋਧਨ ਹੈ।"[25] ਇਸ ਹਵਾਲੇ ਨਾਲ ਵੀ ਸੁਰਜੀਤ ਪਾਤਰ ਦੇ ਗੀਤ, ਪ੍ਰਗੀਤ ਦੀ ਸ਼੍ਰੇਣੀ ਵਿੱਚ ਸ਼ੁਮਾਰ ਹੁੰਦੇ ਹਨ, ਇਕ ਜਗ੍ਹਾ ਉਹ ਆਖਦਾ ਹੈ, 'ਆਖੀ ਸੀ ਇਕ ਕਵੀ ਨੇ, ਹਰ ਇਕ

ਕਵੀ ਦੀ ਵਿਥਿਆ, ਜੁ ਮੈਂ ਗੀਤ ਗਾਉਣ ਆਇਆ, ਉਹ ਮੈਂ ਗੀਤ ਗਾ ਨ ਸਕਿਆ...ਸੁਰ ਸਾਜ਼ ਕਰਦਿਆਂ ਹੀ, ਮੇਰੀ ਉਮਰ ਲੰਘ ਗਈਆ, ਤੇਰੇ ਦਰ ਦਾ ਮੈਂ ਗਵੱਈਆ...ਤੂੰ ਮੇਰੀ ਸੁਖਨਵਰੀ ਨੂੰ, ਏਹੀ ਵਰ ਦਈਂ ਘਨਈਆ, ਤੇਰੇ ਦਰ ਦਾ ਮੈਂ ਗਵੱਈਆ, ਬਿਰਹਾ ਦੇ ਬੈਂਤ ਮੇਰੇ, ਮੇਰੇ ਦਰਦ ਦਾ ਦਵੱਈਆ।'[26] ਸੁਰਜੀਤ ਪਾਤਰ ਦੇ ਗੀਤਾਂ ਤੇ ਕਵਿਤਾਵਾਂ ਵਿੱਚ ਕਦਮ ਬ ਕਦਮ ਸਵੈ-ਸੰਬੋਧਨ ਅਤੇ ਸਵੈ-ਪ੍ਰਤਿਬਿੰਬ ਮਿਲਦਾ ਹੈ।

ਅੰਤ ਵਿੱਚ ਸੁਰਜੀਤ ਪਾਤਰ ਦੇ ਕੁਦਰਤ ਵਿਚੋਂ ਲਏ ਬਿੰਬ, ਸ਼ਬਦਾਂ ਦੀ ਚੋਣ ਤੇ ਜੜ੍ਹਤ, ਸੰਗੀਤਾਮਕਤਾ ਤੇ ਗਾਇਨ ਗੀਤ ਨੂੰ ਸੁਹਜ ਪ੍ਰਦਾਨ ਕਰਦੇ ਹਨ। ਉਹ ਪੰਜਾਬ ਦੇ ਵੱਡੇ ਫਿਕਰਾਂ ਨੂੰ ਸਾਹਿਤਕ ਭਾਸ਼ਾ ਵਿੱਚ ਢਾਲ ਕੇ ਅਤੇ ਫਲਸਫੇ ਦੀ ਜ਼ਮੀਨ ਤੇ ਵਿਚਰਦਾ, ਸੰਜੀਦਾ ਪੰਜਾਬੀ ਪਾਠਕ ਨੂੰ ਮੁਤਾਸਿਰ ਕਰਦਾ ਹੈ। ਉਸ ਦੇ ਮੁਹੱਬਤ ਦੇ ਗੀਤ ਤੇ ਕਵਿਤਾਵਾਂ ਨਿੱਕੇ ਭਾਵਾਂ ਨੂੰ ਜਬਾਨ ਦਿੰਦੇ ਹਨ; ਉਸ ਦੇ ਗੀਤ, ਵੱਡੇ-ਵੱਡੇ ਤੋਖਲਿਆਂ ਨੂੰ ਸਹਿਜ ਭਾਸ਼ਾ ਵਿਚ ਵਿਆਕਤ ਕਰਨ ਦਾ ਕਸਬ, ਪੰਜਾਬ ਦੇ ਆਮ ਤੇ ਔਸਤਨ ਸਹਿਜ-ਸੁਹਜ ਵਾਲੇ ਪਾਠਕ ਨੂੰ ਆਪਣੇ ਨਾਲ ਜੋੜਦਾ ਹੈ। ਗੁਰਬਚਨ ਭਾਵੇਂ ਵਿਅੰਗ ਵਿੱਚ ਹੀ ਸਹੀ ਪਰ ਜਦੋਂ ਉਸ ਦੀ ਕਿਤਾਬ 'ਲਫਜਾਂ ਦੀ ਦਰਗਾਹ' ਦੇ ਬਾਰੇ ਲਿਖੇ ਲੇਖ ਦਾ ਸਿਰਲੇਖ 'ਸਰੋਤਿਆਂ ਦੀ ਦਰਗਾਹ'[27] ਰੱਖਦਾ ਹੈ, ਇਸ ਵਿਚਲਾ ਵਿਅੰਗ ਪਾਤਰ ਦੀ ਤਰੰਨਮ ਕਵਿਤਾ, ਉਸ ਦੇ ਸਟੇਜੀ ਗਾਇਨ ਅਤੇ ਸਰੋਤਿਆਂ ਦੇ ਪੱਧਰ 'ਤੇ ਆ ਕੇ ਲਿਖਣ ਬਾਰੇ ਹੈ, ਪਰ ਮੈਨੂੰ ਲੱਗਦਾ ਹੈ ਕਵਿਤਾ ਬਾਰੇ ਤਾਂ ਪਤਾ ਨਹੀਂ ਪਰ ਉਸ ਦੇ ਗੀਤਾਂ ਦਾ ਹਰ ਵਰਗ ਦੇ ਪਾਠਕਾਂ ਵਿੱਚ ਮਕਬੂਲ ਹੋਣ ਦਾ ਕਾਰਨ ਉਸ ਦੇ ਗੀਤਾਂ ਦੀ ਗਾਇਨ ਸਮਰੱਥਾ ਹੈ ਜੋ ਉਸ ਦੀ ਆਪਣੀ ਅਵਾਜ਼ ਵਿੱਚ ਤਾਂ ਪਾਠਕ/ ਸਰੋਤੇ ਨੂੰ ਸਬਲਾਇਮ (ਉੱਦਾਤ) ਵਿੱਚ ਲੈ ਕੇ ਜਾਣ ਦੀ ਤਾਕਤ ਰੱਖਦੀ ਹੈ। ਬੜਾ ਦਿਲਚਸਪ ਨੁਕਤਾ ਹੈ ਕਿ ਹੱਥਲੀ ਪੁਸਤਕ ਦੇ ਪਾਠ ਸਮੇਂ ਚਾਨਣ ਅਤੇ ਹਨੇਰੇ ਦੇ ਬਿੰਬ ਨਾਲੋਂ-ਨਾਲ ਕਸ਼ਮਕਸ਼ ਵਿੱਚ ਪਾਠਕ ਦੇ ਨਾਲ ਤੁਰਦੇ ਰਹਿੰਦੇ ਹਨ। ਸੁਰਜੀਤ ਪਾਤਰ ਦੇ ਕਾਵਿ ਦਾ ਪਾਠ ਕਰਦਿਆਂ ਤਲਵਾਰ ਦੀ ਧਾਰ 'ਤੇ ਤੁਰਨ ਦਾ ਬਿੰਬ ਹਮੇਸ਼ਾਂ ਮੇਰੇ ਇਰਦ-ਗਿਰਦ ਰਹਿੰਦਾ ਹੈ।

## ਹਵਾਲੇ ਤੇ ਟਿੱਪਣੀਆਂ

[1]ਉਧਰਿਤ, ਜਗਜੀਤ ਸਿੰਘ, ਸ਼ੇਖ ਫਰੀਦ ਦਾ ਕਾਵਿ ਪ੍ਰਵਚਨ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫਾਊਡੇਸ਼ਨ ਪ੍ਰਿੰਟ, 28,

[2] ਮਹਿਨਾਜ਼, ਮਨਪ੍ਰੀਤ, ਪੰਜਾਬੀ ਸਬਜੈਕਟ ਦਾ ਕਲਪਨਾ ਸੰਸਾਰ: ਪੰਜਾਬੀ ਪਾਪੂਲਰ ਗੀਤਕਾਰੀ, ਗੀਤ-ਫ਼ਿਲਮਾਂਕਣ ਤੇ ਫ਼ਿਲਮਾਂ ਦਾ ਸੰਦਰਭ, ਗ੍ਰੇਸ਼ੀਅਸ ਬੁੱਕਸ, 2022, ਪ੍ਰਿੰਟ

[3] ਡਾ. ਗੁਰਮੀਤ ਸਿੰਘ, ਲੋਕਧਾਰਾ: ਪਰੰਪਰਾ ਤੇ ਆਧੁਨਿਕਤਾ, ਨਾਨਕ ਸਿੰਘ ਪੁਸਤਕ-ਮਾਲਾ, 2006, ਪ੍ਰਿੰਟ, ਪੰ. 113

[4] "ਅੱਖਰਾਂ ਦੇ ਅੱਖਰ ਮੇਰੇ,
ਨਿੱਕੇ ਨਿੱਕੇ ਹੱਥਾਂ ਵਿਚੋਂ ਡਿਗ ਡਿਗ ਪੈਂਦੇ,
ਮੇਰੇ ਨਿੱਕੇ ਨਿੱਕੇ ਹੱਥ,
ਦਾਤਾਂ ਵੱਡੀਆਂ, ਝਨਾਂ ਦੇ ਝਨਾਂ ਪਏ ਵਗਦੇ।" ਪੂਰਨ ਸਿੰਘ, ਖੁੱਲ੍ਹੇ ਮੈਦਾਨ।

[5] ਡਾ. ਗੁਰਮੀਤ ਸਿੰਘ, ਲੋਕਧਾਰਾ: ਪਰੰਪਰਾ ਤੇ ਆਧੁਨਿਕਤਾ, ਪੰ. 114

[6] ਡਾ. ਗੁਰਮੀਤ ਸਿੰਘ, ਪੰ. 110

[7] ਸੁਰਜੀਤ ਪਾਤਰ ,ਚੰਨ ਸੂਰਜ ਦੀ ਵਹਿੰਗੀ, ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ ,ਪ੍ਰਿੰਟ , ਪੰ-9

[8] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-27

[9] ਪਾਤਰ ,ਚੰਨ ਸੂਰਜ ਦੀ ਵਹਿੰਗੀ, ਪੰ10-

[10] ਪਾਤਰ ,ਚੰਨ ਸੂਰਜ ਦੀ ਵਹਿੰਗੀ, ਪੰ30-

[11] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-31

[12] ਪਾਤਰ, ਚੰਨ ਸੂਰਜ ਦੀ ਵਹਿੰਗੀ, ਭੂਮਿਕਾ

[13] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-12

[14] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-14

[15] ਇਹ ਲੈਕਚਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਭਾਸ਼ਾਵਾਂ ਦੇ ਰਿਫੈਰਸ਼ਰ ਕੋਰਸ ਦੌਰਾਨ ਮਿਤੀ ਨੂੰ ਹੋਇਆ ਸੀ। 2024-07-05

[16] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-46

[17] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-55

[18] ਪਾ ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-25

[19] ਪਾਤਰ ,ਚੰਨ ਸੂਰਜ ਦੀ ਵਹਿੰਗੀ, ਉਹੀ।

[20] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-27

[21] ਇਹ ਲੈਕਚਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਭਾਸ਼ਾਵਾਂ ਦੇ ਰਿਫੈਰਸ਼ਰ ਕੋਰਸ ਦੌਰਾਨ ਮਿਤੀ 05-07-2024 ਨੂੰ ਹੋਇਆ ਸੀ।

[22] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-72

[23] ਪਾਤਰ ,ਚੰਨ ਸੂਰਜ ਦੀ ਵਹਿੰਗੀ-ਪੰ ,27

[24] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-11

[25] Northroup Frye, Anatomy of Criticism, Princeton University Press, New Jersey, 1973, p. 271

[26] ਪਾਤਰ, ਚੰਨ ਸੂਰਜ ਦੀ ਵਹਿੰਗੀ, ਪੰ-65

[27] ਗੁਰਬਚਨ, ਸੰਪੂਰਨ ਵਾਰਤਕ, ਭਾਗ ਤਿੰਨ, ਕੈਲੀਬਰ ਪ੍ਰਕਾਸ਼ਨ, ਪਟਿਆਲਾ, 2023, ਪੰ-183